**ਕਲਿਆਨ ਮਹਲਾ ੪ ॥ ਮੇਰੇ ਮਨ ਜਪੁ ਜਪਿ ਜਗੰਨਾਥੇ ॥ ਗੁਰ ਉਪਦੇਸਿ ਹਰਿ ਨਾਮੁ ਧਿਆਇਓ ਸਭਿ ਕਿਲਬਿਖ ਦੁਖ ਲਾਥੇ ॥ ੧॥ ਰਹਾਉ ॥ ਰਸਨਾ ਏਕ ਜਸੁ ਗਾਇ ਨ ਸਾਕੈ ਬਹੁ ਕੀਜੈ ਬਹੁ ਰਸੁਨਥੇ ॥ ਬਾਰ ਬਾਰ ਖਿਨੁ ਪਲ ਸਭਿ ਗਾਵਹਿ ਗੁਨ ਕਹਿ ਨ ਸਕਹਿ ਪ੍ਰਭ ਤੁਮਨਥੇ ॥੧॥ ਹਮ ਬਹੁ ਪ੍ਰੀਤਿ ਲਗੀ ਪ੍ਰਭ ਸੁਆਮੀ ਹਮ ਲੋਚਹ ਪ੍ਰਭੁ ਦਿਖਨਥੇ ॥ ਤੁਮ ਬਡ ਦਾਤੇ ਜੀਅ ਜੀਅਨ ਕੇ ਤੁਮ ਜਾਨਹੁ ਹਮ ਬਿਰਥੇ ॥੨॥ ਕੋਈ ਮਾਰਗੁ ਪੰਥੁ ਬਤਾਵੈ ਪ੍ਰਭ ਕਾ ਕਹੁ ਤਿਨ ਕਉ ਕਿਆ ਦਿਨਥੇ ॥ ਸਭੁ ਤਨੁ ਮਨੁ ਅਰਪਉ ਅਰਪਿ ਅਰਾਪਉ ਕੋਈ ਮੇਲੈ ਪ੍ਰਭ ਮਿਲਥੇ ॥੩॥ ਹਰਿ ਕੇ ਗੁਨ ਬਹੁਤ ਬਹੁਤ ਬਹੁ ਸੋਭਾ ਹਮ ਤੁਛ ਕਰਿ ਕਰਿ ਬਰਨਥੇ ॥ ਹਮਰੀ ਮਤਿ ਵਸਗਤਿ ਪ੍ਰਭ ਤੁਮਰੈ ਜਨ ਨਾਨਕ ਕੇ ਪ੍ਰਭ ਸਮਰਥੇ ॥੪॥੩॥** {ਪੰਨਾ 1320}

ਪਦ ਅਰਥ:- ਮਨ—ਹੇ ਮਨ! ਜਪੁ ਜਗੰਨਾਥੇ—ਜਗਤ ਦੇ ਨਾਥ (ਦੇ ਨਾਮ) ਦਾ ਜਾਪ। ਜਪਿ—ਜਪਿਆ ਕਰ। ਉਪਦੇਸਿ—ਉਪਦੇਸ਼ ਦੀ ਰਾਹੀਂ। ਸਭਿ—ਸਾਰੇ। ਕਿਲਬਿਖ—ਪਾਪ। ਦੁਖ—(ਸਾਰੇ) ਦੁੱਖ।1। ਰਹਾਉ।

ਰਸਨਾ—ਜੀਭ। ਜਸੁ—ਗੁਣ, ਸਿਫ਼ਤਿ-ਸਾਲਾਹ। ਕੀਜੈ—ਬਣਾ ਦੇਹ। ਬਹੁ ਰਸੁਨਥੇ—ਬਹੁਤੀਆਂ ਰਸਨਾ ਦੇ ਨਾਥ, ਬਹੁਤੀਆਂ ਜੀਭਾਂ ਵਾਲੇ। ਬਾਰ ਬਾਰ—ਮੁੜ ਮੁੜ। ਸਭਿ—ਸਾਰੇ (ਜੀਵ)। ਗਾਵਹਿ—ਗਾਂਦੇ ਹਨ (ਬਹੁ-ਵਚਨ)। ਪ੍ਰਭ—ਹੇ ਪ੍ਰਭੂ! ਤੁਮਨਥੇ—ਤੇਰੇ।1।

ਹਮ ਲੋਚਹ—ਅਸੀਂ ਤਾਂਘ ਕਰਦੇ ਹਾਂ। ਦਿਖਨਥੇ—ਵੇਖਣ ਲਈ। ਜੀਅ ਕੇ ਦਾਤੇ—ਜਿੰਦ ਦੇ ਦਾਤੇ। ਜੀਅਨ ਕੇ ਦਾਤੇ—ਸਾਰੇ ਜੀਵਾਂ ਦੇ ਦਾਤੇ। ਬਿਰਥੇ—(ÒXQw) ਦਿਲ ਦੀ ਪੀੜ।2।

ਮਾਰਗੁ—ਰਸਤਾ। ਪੰਥੁ—ਰਸਤਾ। ਤਿਨ ਕਉ—ਉਹਨਾਂ (ਸੰਤ ਜਨਾਂ) ਨੂੰ। ਕਿਆ ਦਿਨਥੇ—ਕੀਹ ਦਿੱਤਾ ਜਾਏ? ਅਰਪਉ—ਅਰਪਉਂ, ਮੈਂ ਭੇਟਾ ਕਰ ਦਿਆਂ। ਅਰਪਿ—ਭੇਟਾ ਕਰ ਕੇ। ਅਰਾਪਉ—ਅਰਾਪਉਂ, ਅਰਪਉਂ, ਮੈਂ ਭੇਟ ਕਰ ਦਿਆਂ। ਪ੍ਰਭ ਮਿਲਥੇ—ਪ੍ਰਭੂ ਨੂੰ ਮਿਲਿਆ ਹੋਇਆ।3।

ਤੁਛ—ਬਹੁਤ ਥੋੜ੍ਹਾ। ਕਰਿ—ਕਰ ਕੇ। ਹਮ ਬਰਨਥੇ—ਅਸੀਂ ਜੀਵ ਬਿਆਨ ਕਰਦੇ ਹਾਂ। ਵਸਗਤਿ—ਵੱਸ ਵਿਚ। ਪ੍ਰਭ—ਹੇ ਪ੍ਰਭੂ! ਸਮਰਥੇ—ਸਭ ਤਾਕਤਾਂ ਦਾ ਮਾਲਕ।4।

ਅਰਥ:- ਹੇ ਮੇਰੇ ਮਨ! ਜਗਤ ਦੇ ਨਾਥ (ਦੇ ਨਾਮ) ਦਾ ਜਾਪ ਜਪਿਆ ਕਰ। (ਜਿਸ ਮਨੁੱਖ ਨੇ) ਗੁਰੂ ਦੇ ਉਪਦੇਸ ਦੀ ਰਾਹੀਂ ਪਰਮਾਤਮਾ ਦਾ ਨਾਮ ਸਿਮਰਿਆ, ਉਸ ਦੇ ਸਾਰੇ ਪਾਪ ਸਾਰੇ ਦੁੱਖ ਦੂਰ ਹੋ ਗਏ।1। ਰਹਾਉ।

ਹੇ ਪ੍ਰਭੂ! (ਮਨੁੱਖ ਦੀ) ਇੱਕ ਜੀਭ (ਤੇਰਾ) ਜਸ (ਪੂਰੇ ਤੌਰ ਤੇ) ਗਾ ਨਹੀਂ ਸਕਦੀ, (ਇਸ ਨੂੰ) ਬਹੁਤ ਜੀਭਾਂ ਵਾਲਾ ਬਣਾ ਦੇਹ। ਹੇ ਪ੍ਰਭੂ! ਸਾਰੇ ਜੀਵ ਮੁੜ ਮੁੜ ਹਰੇਕ ਪਲ ਤੇਰੇ ਗੁਣ ਗਾਂਦੇ ਹਨ, ਪਰ ਤੇਰੇ (ਸਾਰੇ) ਗੁਣ ਬਿਆਨ ਨਹੀਂ ਕਰ ਸਕਦੇ।1।

ਹੇ ਮੇਰੇ ਮਾਲਕ ਪ੍ਰਭੂ! ਮੇਰੇ ਅੰਦਰ ਤੇਰੀ ਬਹੁਤ ਪ੍ਰੀਤ ਪੈਦਾ ਹੋ ਚੁਕੀ ਹੈ; ਮੈਂ ਤੈਨੂੰ ਦੇਖਣ ਲਈ ਤਾਂਘ ਕਰ ਰਿਹਾ ਹਾਂ। ਹੇ ਪ੍ਰਭੂ! ਤੂੰ ਸਾਰੇ ਜੀਵਾਂ ਨੂੰ ਜਿੰਦ ਦੇਣ ਵਾਲਾ ਹੈਂ, ਤੂੰ ਹੀ ਅਸਾਂ ਜੀਵਾਂ ਦੇ ਦਿਲ ਦੀ ਪੀੜ ਜਾਣਦਾ ਹੈਂ।2।

ਹੇ ਭਾਈ! ਜੇ ਕੋਈ (ਸੰਤ ਜਨ ਮੈਨੂੰ) ਪ੍ਰਭੂ (ਦੇ ਮਿਲਾਪ) ਦਾ ਰਸਤਾ ਦੱਸ ਦੇਵੇ, ਤਾਂ ਅਜਿਹੇ (ਸੰਤ) ਜਨਾਂ ਨੂੰ ਕੀਹ ਦੇਣਾ ਚਾਹੀਦਾ ਹੈ? ਜੇ ਪ੍ਰਭੂ ਨੂੰ ਮਿਲਿਆ ਹੋਇਆ ਕੋਈ ਪਿਆਰਾ ਮੈਨੂੰ ਪ੍ਰਭੂ ਨਾਲ ਮਿਲਾ ਦੇਵੇ ਤਾਂ ਮੈਂ ਤਾਂ ਆਪਣਾ ਸਾਰਾ ਤਨ ਸਾਰਾ ਮਨ ਸਦਾ ਲਈ ਭੇਟ ਕਰ ਦਿਆਂ।3।

ਹੇ ਭਾਈ! ਪਰਮਾਤਮਾ ਦੇ ਗੁਣ ਬਹੁਤ ਹੀ ਬੇਅੰਤ ਹਨ, ਬਹੁਤ ਬੇਅੰਤ ਹਨ, ਅਸੀਂ ਜੀਵ ਬਹੁਤੇ ਹੀ ਥੋੜੇ ਬਿਆਨ ਕਰਦੇ ਹਾਂ (ਪਰ ਜੀਵਾਂ ਦੇ ਵੱਸ ਦੀ ਗੱਲ ਨਹੀਂ ਹੈ)। ਹੇ ਦਾਸ ਨਾਨਕ ਦੇ ਸਮਰੱਥ ਪ੍ਰਭੂ! ਅਸਾਂ ਜੀਵਾਂ ਦੀ ਮਤਿ ਤੇਰੇ

ਹੀ ਵੱਸ ਵਿਚ ਹੈ (ਜਿਤਨੀ ਮਤਿ ਤੂੰ ਦੇਂਦਾ ਹੈਂ ਉਤਨੀ ਹੀ ਤੇਰੀ ਸੋਭਾ ਅਸੀਂ ਬਿਆਨ ਕਰ ਸਕਦੇ ਹਾਂ)।4।3।